# INDEX



| ਆਈਟਮ ਨੰ: | ਵਿਸ਼ਾ | ਪੰਨਾ ਨੰ: |
|---|---|---|
| 44.07 | ਨਾਨ ਐਸ.ਏ.ਐਸ / ਵਿਭਾਗੀ ਪ੍ਰੀਖਿਆ ਨਾ ਪਾਸ ਕਰਨ ਵਾਲੇ ਸੀਨੀਅਰ ਸਹਾਇਕ (ਲੇਖਾ) ਨੂੰ ਬਤੌਰ ਭਾਗ ਅਫਸਰ ਤਦ ਅਰਥ ਅਧਾਰ ਤੇ ਪਦ ਉਨਤ ਕਰਨ ਲਈ। | 2-17 |

**ਅਜੰਡਾ ਆਇਟਮ ਨੰ: 44.07**
**ਪ੍ਰਸ਼ਾਸਨ ਸ਼ਾਖਾ (ਅਮਲਾ)**

ਵਿਸ਼ਾ: **ਨਾਨ ਐਸ.ਏ.ਐਸ / ਵਿਭਾਗੀ ਪ੍ਰੀਖਿਆ ਨਾ ਪਾਸ ਕਰਨ ਵਾਲੇ ਸੀਨੀਅਰ ਸਹਾਇਕ (ਲੇਖਾ) ਨੂੰ ਬਤੌਰ ਭਾਗ ਅਫਸਰ ਤਦ ਅਰਥ ਅਧਾਰ ਤੇ ਪਦ ਉਨਤ ਕਰਨ ਲਈ।**

ਪੁੱਡਾ ਕਰਮਚਾਰੀ ਸਰਵਿਸ ਰੈਗੂਲੇਸ਼ਨਜ 1999 ਰਾਹੀਂ ਭਾਗ ਅਫਸਰ ਦੀਆਂ ਕੁੱਲ 29 ਅਸਾਮੀਆਂ ਦੀ ਰਚਨਾ 7000-10980 (ਅਨ ਰਿਵਾਈਜਡ) ਰੁਪਏ ਦੇ ਸਕੇਲ ਵਿੱਚ ਕੀਤੀ ਹੋਈ ਹੈ। ਰੈਗੂਲੇਸ਼ਨ ਦੇ ਉਪਬੰਧ ਅਨੁਸਾਰ ਭਾਗ ਅਫਸਰ ਦੀਆਂ ਅਸਾਮੀਆਂ ਤੇ ਪਦ ਉਨਤੀ ਲਈ ਪੁੱਡਾ ਦੇ ਸੀਨੀਅਰ ਸਹਾਇਕ (ਲੇਖਾ) ਵਲੋਂ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵਲੋਂ ਕੰਡਕਟ ਕੀਤੀ ਜਾਂਦੀ ਐਸ.ਏ.ਐਸ ਪ੍ਰੀਖਿਆ, ਪੁੱਡਾ ਵਲੋਂ ਰਾਖਵੀਂ ਵਿਭਾਗੀ ਪ੍ਰੀਖਿਆ ਨੂੰ ਪਦ ਉਨਤ ਕਰਨ ਅਤੇ ਆਈ.ਸੀ.ਡਬਲਯੂ.ਏ. ਵਿਦਿਅਕ ਯੋਗਤਾ ਜਾਂ ਆਈ.ਸੀ.ਏ.ਆਈ ਪਾਸ ਪ੍ਰੀਖਿਆ ਕਰਮਚਾਰੀਆਂ ਨੂੰ ਸੀਨੀਅਰਤਾ ਅਨੁਸਾਰ ਪਦ ਉਨਤੀ ਰਾਹੀਂ ਭਰਨ ਦਾ ਉਪਬੰਧ ਕੀਤਾ ਹੋਇਆ ਹੈ। ਪੁੱਡਾ ਵਿਖੇ ਇਸ ਸਮੇਂ ਤੈਨਾਤ ਕੁੱਲ ਸੀਨੀਅਰ ਸਹਾਇਕ (ਲੇਖਾ) ਵਿਚੋਂ ਜਿਹੜੇ ਕਰਮਚਾਰੀਆਂ ਵਲੋਂ ਐਸ.ਏ.ਐਸ ਪ੍ਰੀਖਿਆ / ਵਿਭਾਗੀ ਪ੍ਰੀਖਿਆ ਜਾਂ ਆਈ.ਸੀ.ਡਬਲਯੂ.ਏ ਜਾਂ ਆਈ.ਸੀ.ਏ.ਆਈ ਦੀ ਵਿਦਿਅਕ ਯੋਗਤਾ ਵਾਲੇ ਕਰਮਚਾਰੀ ਸਨ, ਨੂੰ ਪਹਿਲਾਂ ਹੀ ਬਤੌਰ ਭਾਗ ਅਫਸਰ ਦੀ ਅਸਾਮੀ ਤੇ ਪਦ ਉਨਤ ਕੀਤਾ ਜਾ ਚੁੱਕਾ ਹੈ। ਇਸ ਸਮੇਂ ਪੁੱਡਾ ਵਿਖੇ ਅਜਿਹਾ ਹੋਰ ਕੋਈ ਸੀ.ਸਹਾਇਕ (ਲੇਖਾ) ਉਪਲਬਧ ਨਹੀਂ ਹੈ ਜੋ ਉਕਤ ਰਾਖਵੀਂ ਯੋਗਤਾ ਪੂਰੀ ਕਰਦਾ ਹੋਵੇ ਅਤੇ ਉਸਨੂੰ ਭਾਗ ਅਫਸਰ ਦੀ ਅਸਾਮੀ ਤੇ ਪਦ ਉਨਤੀ ਲਈ ਵਿਚਾਰ ਕੀਤਾ ਜਾ ਸਕੇ।

ਪੁੱਡਾ ਕਰਮਚਾਰੀ ਸਰਵਿਸ ਰੈਗੂਲੇਸ਼ਨਜ 1999 ਰਾਹੀਂ ਭਾਗ ਅਫਸਰਾਂ ਦੀਆਂ ਕੁੱਲ ਰਚਿਤ 29 ਅਸਾਮੀਆਂ ਵਿਚੋਂ ਇਸ ਸਮੇਂ ਕੇਵਲ 8 ਅਸਾਮੀਆਂ ਹੀ ਯੋਗ ਉਮੀਦਵਾਰਾਂ ਵਿਚੋਂ ਪਦ ਉਨਤੀ ਰਾਹੀਂ ਭਰੀਆਂ ਹੋਈਆਂ ਹਨ ਜਿਸ ਅਨੁਸਾਰ ਇਸ ਸਮੇਂ 21 ਭਾਗ ਅਫਸਰਾਂ ਦੀਆਂ ਅਸਾਮੀਆਂ ਖਾਲੀ ਹਨ ਪਰ ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਪੁੱਡਾ ਕੋਲ ਯੋਗ ਕਰਮਚਾਰੀ ਨਾ ਹੋਣ ਕਰਕੇ ਦਫਤਰੀ ਕੰਮ ਦਾ ਬਹੁਤ ਹਰਜਾ ਹੋ ਰਿਹਾ ਹੈ। ਪੁੱਡਾ ਕਰਮਚਾਰੀ ਜੁਆਇੰਟ ਐਕਸ਼ਨ ਕਮੇਟੀ ਵਲੋਂ ਸਮੇਂ-2 ਸਿਰ ਮੰਗ ਕੀਤੀ ਜਾਂਦੀ ਰਹੀ ਹੈ ਕਿ ਪੁਡਾ ਵਿਖੇ ਤੈਨਾਤ ਸੀ.ਸਹਾਇਕ (ਲੇਖਾ) ਨੂੰ ਭਾਗ ਅਫਸਰ ਦੀ ਅਸਾਮੀ ਲਈ ਰਾਖਵੀਂ ਐਸ.ਏ.ਐਸ ਪ੍ਰੀਖਿਆ /ਵਿਭਾਗੀ ਪ੍ਰੀਖਿਆ ਤੋਂ ਛੋਟ ਦਿੰਦੇ ਹੋਏ ਉਨ੍ਹਾਂ ਦੀਆਂ ਪਦ ਉਨਤੀਆਂ ਬਤੌਰ ਭਾਗ ਅਫਸਰ ਕੀਤੀਆਂ ਜਾਣ। ਇਸ ਸਬੰਧੀ ਮਾਮਲਾ ਅਥਾਰਟੀ ਦੀ 42ਵੀਂ ਮੀਟਿੰਗ ਜੋ ਮਿਤੀ 01-09-2010 ਨੂੰ ਹੋਈ ਸੀ, ਦੀ ਮਦ ਨੰ: 42.15 (ਅਨੁਲੱਗ-1) ਰਾਹੀਂ ਵਿਚਾਰਿਆ ਗਿਆ ਸੀ। ਅਥਾਰਟੀ ਵਲੋਂ ਇਸ ਮੱਦ ਤੇ ਵਿਚਾਰ ਕਰਨ ਸਮੇਂ ਪ੍ਰਮੁੱਖ ਸਕੱਤਰ (ਵਿੱਤ), ਪੰਜਾਬ ਸਰਕਾਰ ਵਲੋਂ ਇਹ ਸੁਝਾਅ ਦਿੱਤਾ ਗਿਆ ਸੀ ਕਿ ਸਰਕਾਰ ਵਲੋਂ ਜਾਂ ਕਿਸੇ ਵੀ ਸਰਕਾਰੀ ਅਦਾਰੇ ਵਲੋਂ ਐਸ.ਏ.ਐਸ

ਪ੍ਰੀਖਿਆ ਤੋਂ ਛੋਟ ਨਹੀਂ ਦਿੱਤੀ ਜਾਂਦੀ। ਪ੍ਰਮੁੱਖ ਸਕੱਤਰ (ਵਿੱਤ), ਪੰਜਾਬ ਸਰਕਾਰ ਦੇ ਉਕਤ ਸੁਝਾਅ ਦੇ ਸਨਮੁੱਖ ਅਥਾਰਟੀ ਵਲੋਂ ਇਹ ਮੱਦ ਰੱਦ ਕਰ ਦਿੱਤੀ ਗਈ ਸੀ। ਬਾਅਦ ਵਿੱਚ ਪੁੱਡਾ ਕਰਮਚਾਰੀ ਜੁਆਇੰਟ ਐਕਸ਼ਨ ਕਮੇਟੀ ਵਲੋਂ ਦਫਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਵਿੱਤ ਵਿਭਾਗ ਪੰਜਾਬ ਸਰਕਾਰ, ਲੋਕਲ ਆਡਿਟ ਵਿੰਗ ਵਲੋਂ ਮਿਤੀ 15-05-2007 ਦੇ ਹੁਕਮ (ਅਨੁਲੱਗ-2) ਸਰਕਾਰੀ ਕਰਮਚਾਰੀਆਂ (ਜੂਨੀਅਰ ਆਡੀਟਰਾਂ) ਨੂੰ ਭਾਗ ਅਫਸਰ ਦੀ ਅਸਾਮੀ ਦੇ ਹੇਠਲੇ ਸਕੇਲ ਜੋ ਕਿ 6400-10640 (ਅਨ ਰਿਵਾਈਜਡ) ਤਦ ਅਰਥ ਅਧਾਰ ਤੇ (Provisional Basis) ਸਟਾਪ ਗੈਪ ਅਰੇਂਜਮੈਂਟ ਤਹਿਤ ਪਦ ਉਨਤੀਆਂ ਇਸ ਸ਼ਰਤ ਤੇ ਕੀਤੀਆਂ ਜਾ ਚੁੱਕੀਆਂ ਹਨ ਕਿ ਜਦੋਂ ਵਿਭਾਗ ਕੋਲ ਯੋਗ ਉਮੀਦਵਾਰ ਉਪਲਬਧ ਹੋਣਗੇ ਤਾਂ ਇਨ੍ਹਾਂ ਕਰਮਚਾਰੀਆਂ ਨੂੰ ਭਾਗ ਅਫਸਰ ਦੀ ਅਸਾਮੀ ਤੇ ਕੋਈ ਸੀਨੀਅਰਤਾ ਦਿੱਤੇ ਬਗੈਰ ਬਿਨ੍ਹਾਂ ਕਿਸੇ ਕਲੇਮ ਤੋਂ ਉਨ੍ਹਾਂ ਦੀ ਅਸਲ ਹੇਠਲੀ ਅਸਾਮੀ ਤੇ ਵਾਪਸ ਪਰਤਾ (Revert) ਦਿੱਤਾ ਜਾਵੇਗਾ। ਇਹ ਵੀ ਸ਼ਰਤ ਲਗਾਈ ਗਈ ਹੈ ਕਿ ਇਹ ਕਰਮਚਾਰੀ ਪਦ ਉਨਤੀ ਦੀ ਅਸਾਮੀ ਤੇ ਸੀਨੀਅਰਤਾ ਲਈ ਹੱਕਦਾਰ ਨਹੀਂ ਹੋਣਗੇ।

ਵਿੱਤ ਵਿਭਾਗ, ਪੰਜਾਬ ਸਰਕਾਰ ਦੇ ਮਿਤੀ 15-05-2007 ਦੇ ਹੁਕਮਾਂ ਦੀ ਤਰਜ ਤੇ ਪੁੱਡਾ ਦੇ ਸੀਨੀਅਰ ਸਹਾਇਕ (ਲੇਖਾ ) ਨੂੰ ਭਾਗ ਅਫਸਰ ਦੀ ਅਸਾਮੀ ਤੇ ਤਦ ਅਰਥ ਅਧਾਰ ਤੇ ਪਦ ਉਨਤ ਕਰਨ ਸਬੰਧੀ ਪੱਤਰ ਨੰ: 30113 ਮਿਤੀ 21-12-2010 (ਅਨੁਲੱਗ-3) ਰਾਹੀਂ ਪ੍ਰਬੰਧਕੀ ਵਿਭਾਗ ਰਾਹੀਂ ਵਿੱਤ ਵਿਭਾਗ ਦੀ ਅਗਵਾਈ ਦੀ ਮੰਗ ਕੀਤੀ ਗਈ ਸੀ। ਇਸ ਦੇ ਹਵਾਲੇ ਵਿੱਚ ਪ੍ਰਬੰਧਕੀ ਵਿਭਾਗ ਵਲੋਂ ਪੱਤਰ ਮੀਮੋ ਨੰ: 15/50/2010-5ਮਉ2/1462 ਮਿਤੀ 24-5-2011 (ਅਨੁਲੱਗ-4) ਰਾਹੀਂ ਅਗਵਾਈ ਪ੍ਰਾਪਤ ਹੋ ਗਈ ਹੈ। ਜਿਸ ਰਾਹੀਂ ਸਰਕਾਰ ਵਲੋਂ ਪੁੱਡਾ ਦੇ ਸੀ.ਸਹਾਇਕ (ਲੇਖਾ) ਨੂੰ ਬਤੌਰ ਨਾਨ ਐਸ.ਏ.ਐਸ ਭਾਗ ਅਫਸਰ ਪਦ ਉਨਤ ਕਰਨ ਸਬੰਧੀ ਵਿੱਤ ਵਿਭਾਗ ਵਲੋਂ ਜਾਰੀ ਹੁਕਮ ਮਿਤੀ 15-05-2007 ਦੀ ਤਰਜ ਤੇ ਆਪਣੇ ਪੱਧਰ ਤੇ ਫੈਸਲਾ ਲੈਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਸਰਕਾਰ ਵਲੋਂ ਇਹ ਵੀ ਕਿਹਾ ਗਿਆ ਹੈ ਕਿ ਜਦੋਂ ਵੀ ਐਸ.ਏ.ਐਸ ਪ੍ਰੀਖਿਆ ਪਾਸ ਕਰਮਚਾਰੀ ਉਪਲਬਧ ਹੋਣਗੇ ਤਾਂ ਇਨ੍ਹਾਂ ਕਰਮਚਾਰੀਆਂ ਨੂੰ ਉਨ੍ਹਾਂ ਦੀ ਹੇਠਲੀ ਅਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ ਅਤੇ ਇਨ੍ਹਾਂ ਕਰਮਚਾਰੀਆਂ ਦੀ ਐਸ.ਏ.ਐਸ ਪ੍ਰੀਖਿਆ ਪਾਸ ਭਾਗ ਅਫਸਰਾਂ ਦੀ ਸੀਨੀਅਰਤਾ ਵਿੱਚ ਕੋਈ ਕਲੇਮ ਨਹੀਂ ਹੋਵੇਗਾ। ਪ੍ਰਬੰਧਕੀ ਵਿਭਾਗ ਵਲੋਂ ਪ੍ਰਾਪਤ ਹੋਈ ਪ੍ਰਵਾਨਗੀ ਦੇ ਸਨਮੁੱਖ ਕਾਰਵਾਈ ਕਰਨ ਲਈ ਅਥਾਰਟੀ ਸਮਰੱਥ ਹੈ ਜਿਸ ਸਬੰਧੀ ਪੁੱਡਾ ਦੇ ਸੀ.ਸਹਾਇਕ (ਲੇਖਾ) ਨੂੰ ਭਾਗ ਅਫਸਰ ਦੀ ਅਸਾਮੀ ਤੇ ਤਦ ਅਰਥ ਅਧਾਰ ਤੇ ਪਦ ਉਨਤ ਕਰਨ ਸਬੰਧੀ ਤਜਵੀਜ ਹੇਠ ਅਨੁਸਾਰ ਹੈ:-

1. ਪੁੱਡਾ ਦੇ ਨਾਨ ਐਸ.ਏ.ਐਸ/ ਵਿਭਾਗੀ ਪ੍ਰੀਖਿਆ ਨਾ ਪਾਸ ਸੀ.ਸਹਾਇਕ (ਲੇਖਾ) ਨੂੰ ਭਾਗ ਅਫਸਰ (ਵਰਕਸ) ਦੀਆਂ 21 ਖਾਲੀ ਅਸਾਮੀਆਂ ਵਿਰੁੱਧ ਤਦ ਅਰਥ ਅਧਾਰ ਤੇ (On provisional basis) ਭਾਗ ਅਫਸਰ ਦੇ ਹੇਠਲੇ ਗਰੇਡ 6400-10640 (ਜਦੋਂ ਕਿ ਭਾਗ ਅਫਸਰ ਦਾ ਤਨਖਾਹ ਸਕੇਲ 7000-10980 ਰੁਪਏ ਹੈ) ਵਿੱਚ ਯੋਗ ਕਰਮਚਾਰੀ

ਉਪਲਬਧ ਨਾ ਹੋਣ ਵਜੋਂ ਪਾੜਾ ਪੂਰ ਕਰਨ ਲਈ (as a stop gap arrangement) ਪਦ ਉਨਤ ਇਸ ਸ਼ਰਤ ਤੇ ਕਰ ਦਿੱਤਾ ਜਾਵੇ ਕਿ ਜੇਕਰ ਕੋਈ ਸੀ.ਸਹਾਇਕ (ਲੇਖਾ) ਐਸ.ਏ.ਐਸ ਪ੍ਰੀਖਿਆ/ ਵਿਭਾਗੀ ਪ੍ਰੀਖਿਆ ਪਾਸ ਕਰਕੇ ਪ੍ਰਮੋਸਨ ਲਈ ਯੋਗ ਹੋ ਜਾਂਦਾ ਹੈ ਤਾਂ ਤਦ ਅਰਥ ਆਧਾਰ ਤੇ ਪ੍ਰਮੋਟ ਕੀਤੇ ਗਏ ਭਾਗ ਅਫਸਰ ਵਿਚੋਂ ਜੂਨੀਅਰ ਮੋਸਟ ਕਰਮਚਾਰੀ ਰਿਵਰਟ ਕਰ ਦਿੱਤਾ ਜਾਵੇਗਾ।

2. ਤਦ ਅਰਥ ਅਧਾਰ ਤੇ (On provisional basis) ਪਦ ਉਨਤ ਕਰਮਚਾਰੀ ਦੀ ਭਾਗ ਅਫਸਰ ਦੀ ਅਸਾਮੀ ਤੇ ਸੀਨੀਅਰਤਾ ਲਈ ਕੋਈ ਹੱਕ ਨਹੀਂ ਹੋਵੇਗਾ ਅਤੇ ਨਾ ਹੀ ਉਸ ਵਲੋਂ ਬਤੌਰ ਭਾਗ ਅਫਸਰ ਕੀਤੀ ਗਈ ਸੇਵਾ ਕਿਸੇ ਹੋਰ ਮੰਤਵ ਲਈ ਗਿਣੀ ਜਾਵੇਗੀ।

ਮਾਮਲਾ ਅਥਾਰਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ।